# ਪੰਜਾਬ ਵਿਧਾਨ ਸਭਾ ਸਕੱਤਰੇਤ

**ਸੋਮਵਾਰ, ਮਿਤੀ 25 ਫਰਵਰੀ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

## ਹਲਕਾ ਪਾਇਲ ਵਿੱਚ ਬੱਸ-ਰੂਟ ਦੁਬਾਰਾ ਸ਼ੁਰੂ ਕਰਨਾ

***1837. ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਪਾਇਲ ਦੇ ਹੇਠ ਲਿਖੇ ਬੱਸ-ਰੂਟਾਂ ਨੂੰ ਦੁਬਾਰਾ ਸ਼ੁਰੂ ਕਰੇਗੀ:-

ੳ) ਪਾਇਲ ਤੋਂ ਘੁਡਾਣੀ ਖੁਰਦ-ਧਮੋਟ ਕਲਾਂ ਅਤੇ ਖੁਰਦ, ਕਰਤਾਰਪੁਰ ਚਾਪੜਾਂ-ਕੂਹਲੀ ਖੁਰਦ ਅਤੇ ਕਲਾਂ ਬੇਰ ਖੁਰਦ ਅਤੇ ਕਲਾਂ ਤੋਂ ਮਲੌਦ;

ਅ) ਘੁਰਾਲਾ ਤੋਂ ਦਾਊਮਾਜਰਾ-ਪਾਇਲ-ਕੋਟਲੀ-ਸ਼ਾਹਪੁਰ-ਚਣਕੋਈਆਂ ਖੁਰਦ ਅਤੇ ਕਲਾਂ ਗੁਰਦਿੱਤਪੁਰਾ-ਜੈਪੁਰਾ-ਗੁਰਥਲੀ-ਦੋਰਾਹਾ ਤੋਂ ਲੁਧਿਆਣਾ;

ੲ) ਮਲੌਦ ਤੋਂ ਚਿੰਤਪੁਰਨੀ ਵਾਇਆ ਪਾਇਲ?

## ਨਵੇਂ ਪ੍ਰਾਈਵੇਟ ਕਾਲਜ ਖੋਲ੍ਹਣ ਲਈ ਸੀ.ਐਲ.ਯੂ. ਦੀਆਂ ਸ਼ਰਤਾਂ ਨਰਮ ਕਰਨਾ

***1780. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿੱਚ ਨਵੇਂ ਪ੍ਰਾਈਵੇਟ ਕਾਲਜ ਖੋਲ੍ਹਣ ਲਈ ਸ਼ਹਿਰੀ ਯੋਜਨਾਕਾਰ ਤੋਂ ਸੀ.ਐਲ.ਯੂ. ਲੈਣ ਲਈ ਸ਼ਰਤਾਂ ਨਰਮ ਕਰਨ ਤੇ ਵਿਚਾਰ ਕਰੇਗੀ, ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

## ਬੇਜਮੀਨੇ ਲੋਕਾਂ ਦੇ ਕਰਜਾ ਮੁਆਫੀ ਸਬੰਧੀ

*1958. ਸ੍ਰੀ ਅੰਗਦ ਸਿੰਘ, ਐਮ.ਐਲ.ਏ.:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੇਜਮੀਨੇ ਕਿਸਾਨ ਜਾਂ ਮਜਦੂਰ ਜਿਨ੍ਹਾਂ ਨੇ ਸਹਿਕਾਰੀ ਸੋਸਾਇਟੀਆਂ ਤੋਂ ਕਰਜਾ ਲਿਆ ਹੈ ਜੋ ਕਿ ਪ੍ਰਤੀ ਵਿਅਕਤੀ 9 ਹਜਾਰ ਤੋਂ 25 ਹਜਾਰ ਵਿੱਚ ਹੈ; ਕੀ ਇਹ ਕਰਜਾ ਮੁਆਫ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਅਤੇ ਕਿਸ ਅਧਾਰ ਤੇ ਮੁਆਫ ਕੀਤੇ ਜਾਣਗੇ?

## ਸਬ ਸਟੇਸ਼ਨ ਨੂਰਪੁਰ ਬੇਦੀ ਨੂੰ ਅਪ-ਗ੍ਰੇਡ ਕਰਕੇ 66 ਕੇ.ਵੀ. ਕਰਨ ਦਾ ਕੰਮ ਮੁਕੰਮਲ ਕਰਨਾ

***1772. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ ਸਟੇਸ਼ਨ ਨੂਰਪੁਰ ਬੇਦੀ (ਸਿੰਘਪੁਰ) ਨੂੰ ਅਪ-ਗ੍ਰੇਡ ਕਰਕੇ 66 ਕੇ.ਵੀ. ਕਰਨ ਦਾ ਕੰਮ ਹੁਣ ਤੱਕ ਮੁਕੰਮਲ ਨਹੀਂ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ?

## ਨੀਲੇ ਕਾਰਡਾਂ ਅਧੀਨ ਲਾਭਪਾਤਰੀਆਂ ਦੀ ਗਿਣਤੀ

***1708. ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ.:-** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨੀਲੇ ਕਾਰਡਾਂ ਅਧੀਨ ਲਾਭ ਪ੍ਰਾਪਤ ਕਰਦੇ ਲਾਭਪਤਾਰੀਆਂ ਦੀ ਰਾਜ ਵਿੱਚ ਮਾਰਚ, 2017 ਤੱਕ ਕੁੱਲ ਗਿਣਤੀ ਕਿੰਨੀ ਸੀ ਅਤੇ ਹੁਣ ਮਿਤੀ 31 ਅਕਤੂਬਰ, 2018 ਦੀ ਸਥਿਤੀ ਅਨੁਸਾਰ ਅਜਿਹੇ ਲਾਭਪਾਤਰੀਆਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਕਿੰਨੀ ਹੈ?

## ਨਸ਼ੇ ਦੀ ਓਵਰ ਡੋਜ਼ ਕਾਰਨ ਹੋਈਆਂ ਮੌਤਾਂ ਦਾ ਵੇਰਵਾਂ

***1743. ਸ੍ਰੀ ਅਮਨ ਅਰੋੜਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2017-18, ਅਤੇ 2018-19 ਵਿੱਚ ਕਿੰਨੇ ਵਿਅਕਤੀਆਂ ਦੀ ਮੌਤ ਨਸ਼ੇ ਦੀ ਓਵਰ ਡੋਜ਼ ਕਰਕੇ ਹੋਈ ਹੈ ਅਤੇ ਮੌਤ ਦਾ ਕਾਰਨ ਕਿਹੜੇ-ਕਿਹੜੇ ਨਸ਼ੇ ਹਨ?

## ਮਾਨਸਾ ਸ਼ਹਿਰ ਦੀਆਂ ਕੁਝ ਜਨਤਕ ਥਾਵਾਂ ਤੇ ਪਖਾਨੇ ਬਨਾਉਣਾ

***1787. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਨਸਾ ਸ਼ਹਿਰ ਦੀਆਂ ਕੁਝ ਜਨਤਕ ਥਾਵਾਂ, ਜਿੱਥੇ ਲੋਕਾਂ ਦੀ ਭਰਮਾਰ ਲੱਗੀ ਰਹਿੰਦੀ ਹੈ, ਜਿਵੇ ਕਿ ਤਿੰਨਕੋਨੀ ਮਾਨਸਾ ਕੈਂਚੀਆਂ ਅਤੇ ਸ਼ਹਿਰ ਦੇ ਅੰਦਰਲਾ ਫਾਟਕ ਆਦਿ ਉੱਪਰ ਕੋਈ ਪਖਾਨਾ ਨਹੀਂ ਬਣਿਆ ਹੋਇਆਂ ਹੈ ਜਿਸ ਕਰਕੇ ਲੋਕਾਂ ਨੂੰ ਖਾਸਕਰ ਔਰਤਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹੋ ਜਿਹੀਆਂ ਥਾਵਾਂ ਉੱਪਰ ਸਰਕਾਰ ਵੱਲੋਂ ਪਖਾਨੇ ਬਨਾਉਣ ਦੀ ਕੋਈ ਤਜਵੀਜ ਹੈ?

## ਹਲਕਾ ਬੱਲੂਆਣਾ ਦੇ ਅਸ਼ੀਰਵਾਦ ਸਕੀਮ ਦੇ ਕੇਸਾਂ ਦਾ ਵੇਰਵਾ

***1902. ਸ੍ਰੀ ਨੱਥੂ ਰਾਮ, ਐਮ.ਐਲ.ਏ.:-** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** 1/1/2015 ਤੋਂ ਲੈ ਕੇ 31/12/2018 ਤੱਕ ਹਲਕਾ ਬੱਲੂਆਣਾ ਦੇ ਅਸ਼ੀਰਵਾਦ ਸਕੀਮ ਦੇ ਟੋਟਲ ਕਿੰਨੇ ਕੇਸ ਪ੍ਰਾਪਤ ਹੋਏ ਹਨ;

**ਅ)** ਇਹਨਾਂ ਵਿੱਚੋਂ ਕਿੰਨੇ ਕੇਸ ਪਾਸ ਹੋਏ ਹਨ ਤੇ ਕਿੰਨੇ ਕੇਸ ਰਿਜੈਕਟ ਹੋਏ ਹਨ;

**ੲ)** ਕਿੰਨੇ ਕੇਸਾਂ ਵਿਚ ਅਦਾਇਗੀ ਕੀਤੀ ਜਾ ਚੁਕੀ ਹੈ ਤੇ ਕਿੰਨੇ ਕੇਸਾਂ ਦੀ ਪੈਂਡਿੰਗ ਹੈ ਅਤੇ ਪੈਂਡਿੰਗ ਅਦਾਇਗੀ ਕਦੋਂ ਤੱਕ ਹੋ ਜਾਵੇਗੀ?

## ਜੂਨੀਅਰ ਇੰਜੀਨੀਅਰਾਂ ਨੂੰ ਪੱਕਾ ਕਰਨਾ

*2010 ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 2017 ਵਿੱਚ ਜਾਰੀ ਕੀਤੇ ਹਾਈ ਕੋਰਟ ਦੇ ਹੁਕਮ ਦੇ ਬਾਵਜੂਦ, ਜੂਨੀਅਰ ਇੰਜੀਨੀਅਰ (ਲਗਭਗ 132) ਜੋ ਕਿ 1990-91 ਵਿੱਚ ਸਿੰਚਾਈ ਵਿਭਾਗ ਤੋਂ ਪੇਂਡੂ ਵਿਕਾਸ ਵਿਭਾਗ ਵਿੱਚ ਟ੍ਰਾਂਸਫਰ ਕੀਤੇ ਗਏ ਸਨ, ਨੂੰ ਹਾਲੇ ਤੱਕ ਉਹਨਾਂ ਦੀਆਂ ਸਬੰਧਤ ਨਿਯੁਕਤੀਆਂ ਦੀ ਮਿਤੀ ਤੋਂ ਪੱਕੇ ਨਹੀਂ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ ਅਤੇ ਨੇੜਲੇ ਭਵਿਖ ਵਿੱਚ ਇਹਨਾਂ ਜੂਨੀਅਰ ਇੰਜੀਨੀਅਰਾਂ ਦੀ ਇਸ ਮੰਗ ਨੂੰ ਸਵੀਕਾਰ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾਣ ਦਾ ਪ੍ਰਸਤਾਵ ਹੈ?

ਪਰਤੋਂ ਜੀ....

**ਹਲਕਾ ਜ਼ੀਰਾ ਵਿਚ ਗਲਤ ਤੌਰ ਤੇ ਲਗਾਈ ਬੁਢਾਪਾ ਪੈਨਸ਼ਨ ਦੀ ਪੜਤਾਲ ਕਰਨਾ**

***2063. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਜ਼ੀਰਾ ਵਿਚ ਗਲਤ ਤੌਰ ਤੇ ਲਗਾਈ ਗਈ ਬੁਢਾਪਾ ਪੈਨਸ਼ਨ ਦੀ ਪੜਤਾਲ ਕਰਨ ਦਾ ਵਿਚਾਰ ਰੱਖਦੀ ਹੈ?

ਪਿੰਡਾਂ ਦੇ ਵਾਟਰ ਵਰਕਸ ਦੇ ਬਿੱਲਾਂ ਦਾ ਬਕਾਇਆ

*2020. ਡਾ. ਹਰਜੋਤ ਕਮਲ ਸਿੰਘ, ਐਮ.ਐਲ.ਏ.:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡਾਂ ਦੇ ਵਾਟਰ ਵਰਕਸ ਦੇ ਖੜ੍ਹੇ ਬਿੱਲਾਂ ਦਾ ਬਕਾਇਆ ਹੋਣ ਕਰਕੇ ਜੋ ਬਿਜਲੀ ਕਨੈਕਸ਼ਨ ਕੱਟੇ ਹੋਏ ਹਨ ਜਾਂ ਕੱਟੇ ਜਾਂਦੇ ਹਨ; ਕੀ ਉਨ੍ਹਾਂ ਵਾਸਤੇ ਸਰਕਾਰ ਵਲੋਂ ਕੋਈ ਪੱਕਾ ਪ੍ਰਬੰਧ ਕੀਤਾ ਗਿਆ ਜਾਂ ਕੀਤਾ ਜਾ ਰਿਹਾ ਹੈ?

ਕਿਸਾਨਾਂ ਨੂੰ ਗੰਨੇ ਦੀ ਪੇਮੇਂਟ ਜਲਦੀ ਕਰਵਾਉਣਾ

*2028. ਸਰਦਾਰ ਫਤਿਹ ਜੰਗ ਸਿੰਘ ਬਾਜਵਾ, ਐਮ.ਐਲ.ਏ.:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਾਦੀਆਂ ਵਿੱਚ ਗੰਨੇ ਦੀ ਖੇਤੀ ਸਭ ਤੋਂ ਜਿਆਦਾ ਹੁੰਦੀ ਹੈ, ਪਰ ਕਿਸਾਨਾਂ ਨੂੰ ਹਰ ਸਾਲ ਗੰਨੇ ਦੀ ਪੇਮੇਂਟ ਨਹੀ ਮਿਲਦੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਹ ਪੇਮੇਂਟ ਮਿੱਲ ਮਾਲਕਾਂ ਤੋਂ ਜਲਦੀ ਕਰਵਾਉਣ ਲਈ ਕੋਈ ਯਤਨ ਕਰੇਗੀ ?

ਪੀ.ਐਸ.ਪੀ.ਸੀ.ਐਲ ਵਿੱਚ ਅਮਲੇ ਦੀ ਭਰਤੀ ਅਤੇ ਤੈਨਾਤੀ ਦੇ ਵੇਰਵੇ

*1969. ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:- ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2017-18 ਅਤੇ 2018-19 ਦੌਰਾਨ ਪੀ.ਐਸ.ਪੀ.ਸੀ.ਐਲ ਦੁਆਰਾ ਸ਼੍ਰੇਣੀਵਾਰ ਟੈਕਨੀਕਲ ਅਤੇ ਨਾਨ ਟੈਕਨੀਕਲ ਦੀ ਵੱਖ-ਵੱਖ ਤੌਰ ਤੇ ਕੀਤੀ ਭਰਤੀ ਅਤੇ ਭਰਤੀ ਕੀਤੇ ਗਏ ਉਨ੍ਹਾਂ ਵਿਅਕਤੀਆਂ ਦੀ ਪੀ.ਐਸ.ਪੀ.ਸੀ.ਐਲ ਦੁਆਰਾ ਜ਼ਿਲ੍ਹਾਵਾਰ ਤੈਨਾਤੀਆਂ ਦੇ ਵੇਰਵੇ ਕੀ ਹਨ;

ਅ) ਜਲੰਧਰ ਸਰਕਲ ਵਿੱਚ ਸ਼੍ਰੇਣੀਵਾਰ ਅਤੇ ਡਿਵੀਜ਼ਨਵਾਰ ਟੈਕਨੀਕਲ ਅਤੇ ਨਾਨ ਟੈਕਨੀਕਲ ਅਮਲੇ ਦੀਆਂ ਮੌਜੂਦਾ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ?

**ਸਿਵਲ ਡਿਸਪੈਂਸਰੀ, ਗੜ੍ਹਦੀਵਾਲਾ ਨੂੰ ਅਪਗ੍ਰੇਡ ਕਰਨਾ**

***1936. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕੰਡੀ ਖੇਤਰ ਵਿਚ ਸਿਵਲ ਡਿਸਪੈਂਸਰੀ ਗੜ੍ਹਦੀਵਾਲਾ (ਹੁਸ਼ਿਆਰਪੁਰ) ਨੂੰ ਸੀ.ਐਚ.ਸੀ/ਪੀ.ਐਚ.ਸੀ ਦੇ ਪੱਧਰ ਤੱਕ ਅਪਗ੍ਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਟੱਡੀ ਲੋਨ ਦੇਣਾ**

***1997. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਪੰਜਾਬ ਵੱਲੋਂ ਰਾਜ ਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦੇਸ਼ ਅੰਦਰ ਅਤੇ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਸਟੱਡੀ ਲੋਨ ਦਿੱਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਸਾਲ 2017-2018 ਅਤੇ 2018-2019 ਵਿੱਚ ਅਨੁਸੂਚਿਤ ਜਾਤੀ ਦੇ ਕਿੰਨੇ ਵਿਦਿਆਰਥੀਆਂ ਨੂੰ ਅਜਿਹਾ ਲੋਨ ਦਿੱਤਾ ਗਿਆ ਹੈ;

ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਟਡੀ ਲੋਨ ਵਿਧਾਨ ਸਭਾ ਹਲਕਾ ਬੰਗਾ ਦੇ ਵੀ ਕਿਸੇ ਵਿਦਿਆਰਥੀ ਨੂੰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ?

ਗੰਦੇ ਪਾਣੀ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ

*2044. ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿੰਡਾਂ ਦੇ ਗੰਦੇ ਪਾਣੀ ਅਤੇ ਬਰਸਾਤਾਂ ਦੇ ਪਾਣੀ ਦੇ ਨਿਕਾਸ ਲਈ ਸਰਕਾਰ ਵੱਲੋਂ ਕੋਈ ਵਿਊਂਤਬੰਦੀ ਕੀਤੀ ਗਈ ਹੈ ਜੇਕਰ ਕੀਤੀ ਗਈ ਹੈ ਤਾਂ ਇਸ ਦੇ ਵੇਰਵੇ ਕੀ ਹਨ;

ਅ) ਪਿੰਡਾਂ ਦੇ ਗੰਦੇ ਪਾਣੀ ਨਾਲੀਆਂ ਦੇ ਪੁਲ ਜੋ ਕਾਫੀ ਨੀਵੇਂ ਅਤੇ ਜਿਨ੍ਹਾਂ ਦੀ ਮਿਆਦ ਲੰਘ ਚੁੱਕੀ ਹੈ, ਨੂੰ ਦੁਬਾਰਾ ਬਨਾਉਣ ਲਈ ਸਰਕਾਰ ਵੱਲੋਂ ਕੋਈ ਤਜਵੀਜ ਬਣਾਈ ਗਈ ਹੈ ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ?

ਬ੍ਰਾਹਮਣ, ਮਹਾਜਨ ਅਤੇ ਰਾਜਪੂਤ ਪਰਿਵਾਰਾਂ ਦੇ 200 ਯੂਨਿਟ ਬਿਜਲੀ ਮੁਆਫ ਕਰਨਾ

*2002. ਸ਼੍ਰੀ ਜੋਗਿੰਦਰ ਪਾਲ, ਐਮ.ਐਲ.ਏ.:- ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਐਸ.ਸੀ./ਬੀ.ਸੀ ਦੀ ਤਰ੍ਹਾਂ ਤਿੰਨ ਜਾਤਾਂ-ਬ੍ਰਾਹਮਣ, ਮਹਾਜਨ ਅਤੇ ਰਾਜਪੂਤ ਦੇ ਪਰਿਵਾਰਾਂ ਦੇ ਵੀ 200 ਯੂਨਿਟ 1 ਕਿਲੋਵਾਟ ਲੋਡ ਤੱਕ ਮੁਆਫ ਕਰਨ ਦਾ ਵਿਚਾਰ ਰਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

ਭਾਈ ਘਨ੍ਹਈਆ ਸਿਹਤ ਯੋਜਨਾ ਸਕੀਮ

*1989. ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਕੋਈ ਤਜਵੀਜ ਹੈ ਕਿ ਭਾਈ ਘਨ੍ਹਈਆ ਸਿਹਤ ਯੋਜਨਾ ਸਕੀਮ ਅਧੀਨ ਸਰਕਾਰੀ ਹਸਪਤਾਲਾਂ ਵਿੱਚ ਕੈਸ਼ ਲੈਸ ਇਲਾਜ ਸ਼ੁਰੂ ਕੀਤਾ ਜਾਵੇ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

**ਮਿਉਂਸੀਪਲ ਕਮੇਟੀ, ਬਟਾਲਾ ਵਿਚ ਫੰਡਜ਼ ਦੀ ਘਪਲੇਬਾਜੀ ਸਬੰਧੀ**

***1994 ਸਰਦਾਰ ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੁੱਝ ਸਮਾਂ ਪਹਿਲਾਂ ਮਿਉਂਸੀਪਲ ਕਮੇਟੀ, ਬਟਾਲਾ ਵਿੱਚ ਫ਼ੰਡਜ਼ ਦੀ ਘਪਲੇਬਾਜ਼ੀ ਅਤੇ ਦੁਰਵਰਤੋਂ ਦੀ ਡਿਪਟੀ ਡਾਇਰੈਕਟਰ, ਲੋਕਲ ਬਾਡੀਜ਼ ਅਤੇ ਰਾਜ ਦੇ ਵਿਜੀਲੈਂਸ ਵਿਭਾਗ ਦੁਆਰਾ ਇੰਨਕੁਆਰੀਆਂ ਕਰਕੇ ਆਪਣੀਆਂ ਰਿਪੋਰਟਾਂ ਰਾਜ ਸਰਕਾਰ ਨੂੰ ਦੇ ਦਿੱਤੀਆਂ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਮਾਮਲੇ ਵਿਚੋਂ ਦੋਸ਼ੀਆਂ ਵਿਰੁੱਧ ਕਾਰਵਾਈ ਕਿੰਨੇ ਸਮੇਂ ਵਿਚ ਕਰ ਦਿੱਤੀ ਜਾਵੇਗੀ?

ਨਵੀਆਂ ਪੰਚਾਇਤਾਂ ਦੁਆਰਾ ਪੁਰਾਣੇ ਫੰਡਾਂ ਦੀ ਵਰਤੋਂ ਸਬੰਧੀ

***2096.** ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੁਣੇ-ਹੁਣੇ ਚੁਣੀਆਂ ਗਈਆਂ ਨਵੀਆਂ ਪੰਚਾਇਤਾਂ ਉਹ ਫੰਡਜ਼ ਜੋ ਇਨ੍ਹਾਂ ਤੋਂ ਪਹਿਲੀਆਂ ਪੰਚਾਇਤਾਂ ਛੱਡ ਕੇ ਗਈਆਂ ਹਨ, ਨੂੰ ਪਿੰਡਾਂ ਵਿੱਚ ਵਿਕਾਸ ਦੇ ਕੰਮਾਂ ਲਈ ਖਰਚ ਕਰ ਸਕਣਗੀਆਂ?

ਚੰਡੀਗੜ੍ਹ
ਮਿਤੀ 21 ਫਰਵਰੀ, 2019

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।